**ਡਾਇਰੈਕਟਰ, ਪ੍ਰਸਾਸਨਿਕ ਸੁਧਾਰ , ਪੰਜਾਬ**
**ਪਲਾਟ ਨੰ: ਡੀ-241, ਇੰਡਸਟਰੀਅਲ ਏਰੀਆ, ਫੇਜ 8ਬੀ**
**ਸੈਕਟਰ 74, ਐਸ.ਏ.ਐਸ ਨਗਰ, ਮੋਹਾਲੀ**

ਸੇਵਾ ਵਿਖੇ,

1. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ
3. ਪੰਜਾਬ ਦੇ ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਅਤੇ ਪਬਲਿਕ ਸੈਕਟਰ ਅੰਡਰਟੇਕਿੰਗ ਅਦਾਰਿਆਂ ਦੇ ਮੁੱਖੀ

ਮੀਮੋਂ ਨੰ 5/2014/ਡੀ.ਜੀ.ਆਰ/ਅਮਲਾ/ 7098-7100
ਮਿਤੀ :- 31.10.2019

ਵਿਸ਼ਾ :- **ਸਰਕਾਰੀ ਵਿਭਾਗਾਂ, ਡਿਪਟੀ ਕਮਿਸ਼ਨਰ ਦਫਤਰ, ਬੋਰਡ ਕਾਰਪੋਰੇਸ਼ਨਾਂ ਅਤੇ ਹੋਰ ਆਟੋਨੋਮਸ ਅਦਾਰਿਆਂ ਵਿੱਚ ਨਿਯੁਕਤ ਕਰਮਾਰੀਆਂ / ਅਧਿਕਾਰੀਆਂ ਨੂੰ ਪ੍ਰਤੀਨਿਯੁਕਤੀ ਤੇ ਨਿਯੁਕਤ ਕਰਨ ਸਬੰਧੀ ।**
**ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।**

2. ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ ਵਿੱਚ ਹੇਠ ਲਿਖੀਆਂ ਖਾਲੀ ਆਸਾਮੀਆਂ ਪ੍ਰਤੀਨਿਯੁਕਤੀ ਰਾਂਹੀਂ ਭਰਨ ਦਾ ਫੈਸਲਾ ਲਿਆ ਗਿਆ ਹੈ:-

| ਲੜੀ ਨੰ | ਆਸਾਮੀ ਦਾ ਨਾਮ | ਤਨਖਾਹ ਸਕੇਲ | ਆਸਾਮੀਆਂ ਦੀ ਗਿਣਤੀ | ਸੇਵਾ ਗਰੁੱਪ |
|---|---|---|---|---|
| 01 | ਸੁਪਰਡੰਟ | 15600-39100+5400 GP | 01 | ਏ |
| 02 | ਸੀਨੀਅਰ ਸਹਾਇਕ | 10300-34800+4400 GP | 01 | ਬੀ |

3. ਉਪਰੋਕਤ ਆਸਾਮੀਆਂ ਲਈ ਹੇਠ ਅਨੁਸਾਰ ਯੋਗਤਾਵਾਂ ਰਖਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ :-

" Working experience in personal computer, environment, with work processor power point presentation and spread sheet software application."

4. ਉਮੀਦਵਾਰ ਤੇ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ( ਪੀ.ਪੀ-3 ਸਾਖਾ ) ਵਲੋਂ ਪੱ:ਨੰ: 5/15/2012-5ਪੀ.ਪੀ3/57645/1, ਮਿਤੀ 28.03.2013 ਰਾਂਹੀਂ ਜਾਂ ਸਮੇਂ ਸਮੇਂ ਜਾਰੀ ਸ਼ਰਤਾਂ ਲਾਗੂ ਹੋਣਗੀਆਂ। ਬੋਰਡ/ਕਾਰਪੋਰੇਸ਼ਨਾਂ/ ਖੁਦ-ਮੁਖਤਿਆਰ ਅਦਾਰਿਆਂ ਦੇ ਕਰਮਚਾਰੀ ਜੋ ਪ੍ਰਤੀਨਿਯੁਕਤੀ ਲਈ ਅਪਲਾਈ ਕਰਨ ਦੇ ਇਛੁੱਕ ਹੋਣਗੇ, ਉਨ੍ਹਾਂ ਤੇ ਹੇਠ ਅਨੁਸਾਰ ਸ਼ਰਤਾਂ ਵੀ ਲਾਗੂ ਹੋਣਗੀਆਂ :-

ੳ. ਉਮੀਦਵਾਰ ਆਪਣੇ ਵਿਭਾਗ/ਸੰਸਥਾ ਵਿੱਚ ਰੈਗੂਲਰ ਤੌਰ ਤੇ ਨਿਯੁਕਤ ਹੋਵੇ ਅਤੇ ਪਰਖਕਾਲ ਸਮਾਂ ਪੂਰਾ ਕਰਨ ਦੇ ਹੁਕਮ ਜਾਰੀ ਹੋਏ ਹੋਣ ।

ਅ. ਉਮੀਦਵਾਰ ਜਿਸ ਆਸਾਮੀ ਵਿਰੁੱਧ ਅਪਲਾਈ ਕਰਨ ਦਾ ਇਛੁੱਕ ਹੋਵੇਗਾ, ਉਹ ਉਸ ਆਸਾਮੀ ਦੇ ਸਮਾਨ ਤਨਖਾਹ ਸਕੇਲ ਅਤੇ ਗ੍ਰੇਡ ਪੇ ਦੀ ਆਸਾਮੀ ਤੇ ਕੰਮ ਕਰਦਾ ਹੋਣਾ ਚਾਹੀਦਾ ਹੈ।

ੲ. ਉਮੀਦਵਾਰ ਪ੍ਰਤੀਨਿਯੁਕਤੀ ਤੇ ਵਿਚਾਰੀ ਜਾਣ ਵਾਲੀ ਆਸਾਮੀ ਲਈ ਨਿਰਧਾਰਤ ਵਿਦਿਆਕ ਯੋਗਤਾਵਾਂ ਅਤੇ ਤਜਰਬਾ ਪੂਰਾ ਕਰਦਾ ਹੋਣਾ ਚਾਹੀਦਾ ਹੈ ।

ਸ. ਉਮੀਦਵਾਰ ਆਪਣੇ ਪਿਤਰੀ ਕਾਡਰ ਦੀ ਆਸਾਮੀ ਲਈ ਵੀ ਨਿਰਧਾਰਤ ਵਿਦਿਅਕ ਯੋਗਤਾਵਾਂ ਅਤੇ ਤਜਰਬਾ ਪੂਰਾ ਕਰਦਾ ਹੋਣਾ ਚਾਹੀਦਾ ਹੈ।

ਹ. ਉਮੀਦਵਾਰ ਵਿਰੁੱਧ ਕੋਈ ਵੀ ਸ਼ਿਕਾਇਤ ਵਿਭਾਗੀ/ਅਨੁਸ਼ਾਸਨੀ ਕਾਰਵਾਈ ਜਾਂ ਕੋਈ ਫੌਜਦਾਰੀ ਕੇਸ ਅਤੇ ਅਦਾਲਤੀ ਕੇਸ ਦਰਜ ਨਹੀਂ ਹੋਣਾ ਚਾਹੀਦਾ ।

ਕ. ਉਮੀਦਵਾਰ ਦੀ ਆਪਣੇ ਪਿੱਤਰੀ ਵਿਭਾਗ ਵਿੱਚ ਨਿਯੁਕਤੀ ਨਿਰਧਾਰਤ ਵਿੱਧੀ ਅਨੁਸਾਰ ਹੋਈ ਹੋਣੀ ਲੋੜੀਂਦੀ ਹੈ।

ਖ. ਸੀਨੀਅਰ ਸਹਾਇਕ ਦੀ ਆਸਾਮੀ ਲਈ ਅਪਲਾਈ ਕਰਨ ਵਾਲੇ ਉਮੀਦਵਾਰ ਵਲੋਂ ਪੰਜਾਬੀ ਅਤੇ ਅੰਗਰੇਜੀ ਦਾ ਟਾਇਪ ਟੈਸਟ ਨਿਧਾਰਤ ਸਪੀਡ ਤੇ ਪਾਸ ਕਰਨਾ ਜਰੂਰੀ ਹੋਵੇਗਾ ।

ਗ. ਪ੍ਰਤੀਨਿਯੁਕਤੀ ਦੇ ਸਮੇਂ ਦੌਰਾਨ ਉਮੀਦਵਾਰ ਤੇ ਪੰਜਾਬ ਸਿਵਲ ਸੇਵਾਵਾਂ ( ਸਜਾ ਅਤੇ ਅਪੀਲ ਨਿਯਮ 1970) ਅਤੇ ਪੰਜਾਬ ਸਿਵਲ ਸੇਵਾਵਾਂ ( ਕੰਡਕਟ ਰੂਲ ) 1966 ਲਾਗੂ ਹੋਣਗੇ ।

ਘ. ਯੋਗ ਪ੍ਰਣਾਲੀ ਰਾਂਹੀ ਪ੍ਰਾਪਤ ਪ੍ਰਤੀ ਬੇਨਤੀਆਂ ਹੀ ਵਿਚਾਰੀਆਂ ਜਾਣਗੀਆਂ ।

5. ਆਪ ਜੀ ਨੂੰ ਬੇਨਤੀ ਹੈ ਕਿ ਉਪਰੋਕਤ ਆਸਾਮੀਆਂ ਲਈ ਨਿਰਧਾਰਤ ਯੋਗਤਾਵਾਂ ਰੱਖਣ ਵਾਲੇ ਇੱਛੁਕ ਉਮੀਦਵਾਰਾਂ ਦੇ ਨਾਮ,ਉਨ੍ਹਾਂ ਦੇ ਵੇਰਵੇ ਅਤੇ ਉਨ੍ਹਾਂ ਦੇ ਕੰਮ ਕਾਰ ਸਬੰਧੀ ਪਿਛਲੇ ਪੰਜ ਸਾਲਾਂ ਦੀਆ ਗੁਪਤ ਰਿਪੋਰਟਾਂ ਸਹਿਤ ਇਸ ਪੱਤਰ ਦੇ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਡਾਇਰੈਕਟਰ ਪ੍ਰਸਾਸਨਿਕ ਸੁਧਾਰ, ਪਲਾਟ ਨੰ ਡੀ-241 ਇੰਡ ਏਰੀਆ ਫੇਜ 8-ਬੀ ਸੈਕਟਰ 74 ਐਸ.ਏ.ਐਸ ਨਗਰ, ( ਮੋਹਾਲੀ ) ਨੂੰ ਹੇਠ ਦਰਸਾਏ ਨਿਰਧਾਰਤ ਪ੍ਰੋਫ਼ਾਰਮੇਂ ਵਿੱਚ ਭਰ ਕੇ ਭੇਜਣ ਦੀ ਖੇਚਲ ਕੀਤੀ ਜਾਵੇ। ਜੇ ਕਰ ਕਿਸੇ ਕਾਰਨ ਉਮੀਦਵਾਰ ਦੀਆਂ ਪਿਛਲੇ ਪੰਜ ਸਾਲ ਦੀਆ ਗੁਪਤ ਰਿਪੋਰਟਾਂ ਮੂਲ ਰੂਪ ਵਿੱਚ ਭੇਜਿਆ ਜਾਣੀਆਂ ਸੰਭਵ ਨਹੀਂ ਹਨ ਤਾਂ ਉਸ ਹਾਲ ਵਿੱਚ ਉਮੀਦਵਾਰ ਦੀ ਸਲਾਨਾ ਗੁਪਤ ਰਿਪੋਰਟਾਂ ਦੀ ਤਸਦੀਕਸ਼ੁਦਾ ਸਾਰਣੀ ਭੇਜ ਦਿੱਤੀ ਜਾਵੇ । ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਆਸਾਮੀਆਂ ਨੂੰ ਡੈਪੁਟੇਸ਼ਨ ਰਾਹੀਂ ਉਨੀਂ ਦੇਰ ਤੱਕ ਹੀ ਡਾਇਰੈਕਟੋਰੇਟ, ਪ੍ਰਸਾਸਨਿਕ ਸੁਧਾਰ ਵਿਖੇ ਰੱਖਿਆ ਜਾਵੇਗਾ, ਜਿੰਨੀ ਦੇਰ ਤੱਕ ਡਾਇਰੈਕਟਰ ਪ੍ਰਸ਼ਾਸ਼ਨਿਕ ਸੁਧਾਰ ਵਿਖੇ

ਉਪਰੋਕਤ ਆਸਾਮੀਆਂ ਨੂੰ ਰੈਗੁਲਰ ਤੌਰ ਤੇ ਨਹੀਂ ਭਰਿਆ ਜਾਂਦਾ । ਮੁੱਢਲੇ ਤੌਰ ਤੇ ਆਸਾਮੀ ਇੱਕ ਸਾਲ ਲਈ ਭਰੀ ਜਾਵੇਗੀ, ਜਿਸ ਨੂੰ ਪੰਜ ਸਾਲਾਂ ਤੱਕ ਵਧਾਇਆ ਜਾ ਸਕਦਾ ਹੈ :-

ਪ੍ਰਤੀ ਬੇਨਤੀ ਪ੍ਰੋਫਾਰਮਾ :

| ਲੜੀ ਨੰ | ਵੇਰਵੇ | |
|---|---|---|
| 01 | ਉਮੀਦਵਾਰ ਦਾ ਨਾਮ ਅਤੇ ਅਹੁਦਾ | |
| 02 | ਤਨਖਾਹ ਸਕੇਲ ਅਤੇ ਗ੍ਰੇਡ ਪੇਅ | |
| 03 | ਜਿਸ ਆਸਾਮੀ ਤੇ ਕੰਮ ਕਰ ਰਿਹਾ ਹੈ, ਉਸ ਲਈ ਲੋੜੀਂਦੀ ਵਿਦਿਅਕ ਯੋਗਤਾਵਾਂ ਅਤੇ ਤਜਰਬਾ | |
| 04 | ਭਰਤੀ ਹੋਣ ਸਮੇਂ ਆਸਾਮੀ ਦਾ ਨਾ ਅਤੇ ਭਰਤੀ ਦੀ ਮਿਤੀ | |
| 05 | ਪਦ ਉਨਤੀ ਦੀ ਮਿਤੀ ਜੇਕਰ ਹੈ : | |
| 06 | ਵਿਭਾਗ/ਬੋਰਡ ਕਾਰਪੋਰੇਸ਼ਨ ਦਾ ਨਾਮ | |
| 07 | ਕੀ ਪਰਖਕਾਲ ਸਮਾ ਪਾਰ ਚੁਕਿਆ ਹੈ | |
| 08 | ਜੇ ਕਰ ਕੋਈ ਵਿਭਾਗੀ/ ਚੋਕਸੀ ਪੜ੍ਹਤਾਲ ਆਦਿ ਲੰਬਿਤ ਹੈ ਤਾਂ ਉਸਦਾ ਵੇਰਵਾ | |
| 09 | ਪਿਛਲੇ ਪੰਜ ਸਾਲਾਂ ਦੌਰਾਨ ਕਾਰਗੁਜਾਰੀ | |

ਡਿਪਟੀ ਡਾਇਰੈਕਟਰ

ਪਿ:ਅੰ:ਨੰ: 5/2014/ਡੀ.ਜੀ.ਆਰ/ਅਮਲਾ/ ਮਿਤੀ: ਐਸ.ਏ.ਐਸ ਨਗਰ

ਇਸ ਦਾ ਇੱਕ ਉਤਾਰਾ ਉਪ ਸਕੱਤਰ, ਪ੍ਰਸਾਸਨਿਕ ਸੁਧਾਰ ਵਿਭਾਗ, ( ਪ੍ਰਸਾਸਨਿਕ ਸੁਧਾਰ 1 ਸਾਖਾ) ਪੰਜਾਬ ਸਿਵਲ ਸਕੱਤਰੇਤ 2 ਸੈਕਟਰ 9 ਚੰਡੀਗੜ੍ਹ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਿਪਟੀ ਡਾਇਰੈਕਟਰ